Weekly

# CANADA SIKH TIMES

4 - 10 May 2025 | ਕੈਨੇਡਾ ਸਿੱਖ ਟਾਈਮਜ਼ | Volume 3 Issue 18

• RELIGION • CULTURE • HERITAGE • BUSINESS

## Jasleen Kaur Josan Becomes First Sikh Woman Selected for NASA's Mars Mission



Jasleen Kaur Josan has made history as the first Sikh woman in the world chosen by NASA for a Mars mission. A native of Kurukshetra, Haryana, Josan is currently based in Huntsville, Alabama, where she is pursuing an integrated Master's and Ph.D. in Space Science at the University of Alabama. She will be part of NASA's ambitious Orion Mission, a two-way human mission to Mars scheduled for 2030. This sets her apart from the earlier one-way 2020 Mars Mission, where astronauts were expected to settle permanently on the red planet. Inspired by the legacy of Kalpana Chawla—the first Indian woman in space—Josan aims to push boundaries and inspire a new generation of women and girls in STEM fields. Her selection is not only a personal milestone but also a proud moment for India and the global Sikh community.

## ਮੋਗਾ ਦੀ ਅੱਵਲਪ੍ਰੀਤ ਕੌਰ ਕੈਨੇਡਾ 'ਚ ਵਕੀਲ ਬਣੀ



ਮੋਗਾ ਦੀ ਜੰਮਪਲ ਅਵਲਪ੍ਰੀਤ ਕੌਰ ਭੁੱਲਰ ਨੇ ਓਂਟਾਰੀਓ (ਕੈਨੇਡਾ) ਵਿੱਚ ਅਧਿਕਾਰਿਕ ਤੌਰ 'ਤੇ ਵਕੀਲ ਬਣ ਕੇ ਵਿਦੇਸ਼ ਵਿੱਚ ਮੋਗਾ ਨੂੰ ਰੌਸ਼ਨ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕਾਨੂੰਨ ਦੀ ਪੜ੍ਹਾਈ ਕਰਨ ਉਪਰੰਤ ਕੈਨੇਡਾ ਦੀ ਲਾਅ ਸੁਸਾਇਟੀ ਓਂਟਾਰੀਓ (ਐੱਲਐੱਸਓ) ਦੇ ਮਾਪਦੰਡ ਪੂਰੇ ਕਰਕੇ ਵਕੀਲ ਬਣਨ ਵਾਲੀ ਅੱਵਲਪ੍ਰੀਤ ਕੌਰ, ਸੇਵਾਮੁਕਤ ਕਾਰਜਸਾਧਕ ਅਫ਼ਸਰ ਬਲਜਿੰਦਰ ਸਿੰਘ ਭੁੱਲਰ ਅਤੇ ਹਰਜਿੰਦਰ ਕੌਰ ਦੀ ਬੇਟੀ ਹੈ। ਅੱਵਲਪ੍ਰੀਤ ਦੇ ਭਰਾ ਵੀਡੀਓ ਡਾਇਰੈਕਟਰ ਗੈਰੀ ਭੁੱਲਰ ਨੇ ਦੱਸਿਆ ਕਿ ਅੱਜ-ਕਲ੍ਹ ਅਵਲਪ੍ਰੀਤ ਕੌਰ ਭੁੱਲਰ ਬ੍ਰੈਂਪਟਨ, ਓਂਟਾਰੀਓ ਦੀ ਕੌਰਲਾ ਪ੍ਰੋਫੈਸ਼ਨਲ ਕਾਰਪੋਰੇਸ਼ਨ ਵਿੱਚ ਬੈਰਿਸਟਰ ਤੇ ਸੋਲਿਸਟਰ ਵਜੋਂ ਸੇਵਾਵਾਂ ਨਿਭਾ ਰਹੀ ਹੈ। ਉਹ ਪਰਿਵਾਰਕ ਕਾਨੂੰਨ ਸਮੇਤ ਹੋਰ ਕਾਨੂੰਨੀ ਮਾਮਲਿਆਂ ਵਿੱਚ ਮਾਹਰ ਹੈ। ਇਸ ਮੌਕੇ ਅਤਿੰਦਰ ਸਿੰਘ ਵਿਰਕ, ਚਰਨਜੀਤ ਸਿੰਘ ਝੰਡੇ ਆਣਾ, ਪ੍ਰੀਤਮ ਸਿੰਘ ਚੀਮਾ, ਗਗਨਦੀਪ ਸਿੰਘ ਰੌਂਤਾ ਨੇ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ ਹੈ। ਅੱਵਲਪ੍ਰੀਤ ਨੇ ਕਿਹਾ ਕਿ ਜੇਕਰ ਲਗਨ ਅਤੇ ਦ੍ਰਿੜ ਨਿਸ਼ਚਾ ਕੀਤਾ ਜਾਵੇ ਤਾਂ ਵਿਦੇਸ਼ ਦੀ ਧਰਤੀ 'ਤੇ ਵੀ ਸੁਫ਼ਨੇ ਹਕੀਕਤ ਬਣ ਸਕਦੇ ਹਨ।

## ਗੁਰੂ ਨਾਨਕ ਸਾਹਿਬ ਦੇ ਜੀਵਨ ਜੀਊਣ ਦਾ ਵਿਲੱਖਣ ਢੰਗ

1. **ਇੱਕ ਓਅੰਕਾਰ:** ਗੁਰੂ ਨਾਨਕ ਸਾਹਿਬ ਨੇ ਇਕ ਅਕਾਲ ਪੁਰਖ ਦੀ ਉਪਾਸ਼ਨਾ ਕੀਤੀ ਜੋ ਕਰਨ-ਕਰਾਵਨਹਾਰ, ਰੂਪ-ਰਹਿਤ, ਨਿਰਭਉ, ਨਿਰਵੈਰ, ਜੂਨੀ ਰਹਿਤ ਅਤੇ ਸਭ ਵਿੱਚ ਵਿਆਪਕ ਹੈ।
2. **ਭੇਦਭਾਵ ਦੀ ਸਖ਼ਤ ਨਿਖੇਧੀ:** ਉਨ੍ਹਾਂ ਨੇ ਸਭ ਮਨੁੱਖਾਂ ਨੂੰ ਇਕੋ ਸਮਾਨ ਮੰਨਿਆ—ਨ ਕੋਈ ਉੱਚਾ, ਨ ਕੋਈ ਨੀਵਾ।
3. **ਸੱਚ ਦੀ ਜੀਵਨ ਜੁਗਤੀ:** ਗੁਰੂ ਸਾਹਿਬ ਨੇ ਸੱਚ ਬੋਲਣ, ਕਿਰਤ ਕਰਨ ਅਤੇ ਜਗਤ ਦੀ ਭਲਾਈ ਲਈ ਜੀਵਨ ਸਮਰਪਿਤ ਕਰਨ 'ਤੇ ਜ਼ੋਰ ਦਿੱਤਾ।
4. **ਧਰਮ ਤੇ ਸਮਾਜਿਕ ਨਿਆਂ:** ਉਨ੍ਹਾਂ ਨੇ ਤਿਆਗ, ਤਪੱਸਿਆ ਜਾਂ ਕਰਮ-ਕਾਂਡ ਦੀ ਥਾਂ ਸਮਾਜਿਕ ਨਿਆਂ, ਸਹਿਯੋਗ ਅਤੇ ਅਧਿਆਤਮਕ ਜੀਵਨ ਨੂੰ ਮਹੱਤਵ ਦਿੱਤਾ।
5. **ਨਿਰਸਵਾਰਥ ਪਿਆਰ ਅਤੇ ਦਿਆ:** ਗੁਰੂ ਨਾਨਕ ਸਾਹਿਬ ਨੇ ਮਨੁੱਖੀ ਸਾਂਝ, ਦਿਆਲਤਾ ਅਤੇ ਨਿਰਭਉ-ਨਿਰਵੈਰ ਜੀਵਨ ਜੀਉਣ ਦੀ ਸਿੱਖਿਆ ਦਿੱਤੀ।




ਇਸਤੋਂ ਸਾਫ ਜ਼ਾਹਰ ਹੈ ਕਿ ਗੁਰੂ ਨਾਨਕ ਸਾਹਿਬ ਦੀ ਜੀਵਨ ਜੁਗਤੀ ਆਧਿਆਤਮਕ ਹੋਣ ਦੇ ਨਾਲ-ਨਾਲ ਮਨੁੱਖਤਾ ਦੀ ਹਰ ਪੱਖੋਂ ਪ੍ਰਗਤੀ ਲਈ ਇਕ ਮਹੱਤਵਪੂਰਨ ਸੰਕਲਪ ਵੀ ਸੀ। ਇਹੀ ਵਿਚਾਰ ਉਨ੍ਹਾਂ ਦੇ ਜੀਵਨ ਢੰਗ ਨੂੰ ਵਿਲੱਖਣ ਬਣਾਉਂਦੇ ਹੈ। ਅੱਜ ਲੋੜ ਹੈ ਸਾਨੂੰ ਇਸ ਜੀਵਨ ਜੁਗਤੀ ਨੂੰ ਸਮਝਣ ਦੀ ਅਤੇ ਅਮਲ ਵਿਚ ਲਿਆਉਣ ਦੀ।

# DESH VIDESH

## Book Review: Exploring Sikhism: Faith, Values, and Heritage




Exploring Sikhism: Faith, Values, and Heritage is a compelling and comprehensive exploration of Sikh thought, spirituality, and its evolving presence in the modern world. Jointly authored by renowned scholars Dr. Bhai Harbans Lal and Dr. Davinder Pal Singh, this work serves as a valuable resource for both scholars and seekers looking to deepen their understanding of Sikh philosophy and its practical application in today's dynamic global landscape.

The book is thoughtfully structured into three distinct parts, encompassing a total of 18 chapters.

Part I – Foundations of Faith delves into the core principles of Sikhism, highlighting its emphasis on Oneness, equality, and service. The authors present a clear and accessible introduction to Sikh theology, the teachings of the Gurus, and the scriptural foundation laid out in the Guru Granth Sahib.

Part II – Spiritual Praxis and Historical Legacy offers rich insights into the lived experience of Sikh spirituality. This section captures the transformative power of Sikh practices such as Naam Daan, Ishnan, with intrinsic meaning & community life, while also shedding light on the enduring contributions of Sikh history and its martyrs. The intertwining of philosophy and historical events offers readers a deeper appreciation of the Sikh legacy.

Part III – Sikhism in the Age of Innovation explores the relevance of Sikh teachings in today's rapidly changing digital world. With reflections on how Sikh values intersect with modern issues such as technology, Artificial Intelligence, global ethics, and interfaith dialogue, this section underscores the adaptability and timelessness of Sikh principles.

The foreword by S. Tarlochan Singh, "Sikh Heritage in the Digital Age," is a powerful call to preserve and promote Sikh identity in the 21st century. His perspective provides a meaningful context for the book's contemporary relevance.

Overall, Exploring Sikhism is an intellectually engaging and spiritually enriching contribution to Sikh literature. The collaboration between Dr. Harbans Lal and Dr. Davinder Pal Singh brings together decades of academic depth and personal devotion, making this book a must-read for those interested in faith, ethics, and heritage in the digital age.

- Chief Editor

## ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਮੀ ਕਾਰਨ ਕਿਊਬੈੱਕ ਯੂਨੀਵਰਸਿਟੀਆਂ ਨੂੰ ਹੋ ਸਕਦੈ 200 ਮਿਲੀਅਨ ਡਾਲਰ ਦਾ ਘਾਟਾ



ਕਊਬੈਂਕ ਵਿੱਚ ਕਰੀਬ ਸੱਤ ਯੂਨੀਵਰਸਿਟੀ 2025-26 ਵਿੱਦਿਅਕ ਸਾਲ ਲਈ ਬਜਟ ਘਾਟੇ ਦਾ ਸਾਹਮਣਾ ਕਰ ਰਹੀਆਂ ਹਨ। ਯੂਨੀਵਰਸਿਟੀ ਡੀ ਮਾਂਟਰਿਅਲ 9.7 ਮਿਲਿਅਨ ਡਾਲਰ ਦੇ ਘਾਟੇ ਦਾ ਅੰਦਾਜ਼ਾ ਲਾ ਰਹੀ ਹੈ, ਜਦੋਂਕਿ ਕਾਨਕਾਰਡੀਆ ਯੂਨੀਵਰਸਿਟੀ ਨੂੰ ਲੱਗਭੱਗ 32 ਮਿਲਿਅਨ ਡਾਲਰ ਦੇ ਘਾਟੇ ਦਾ ਅੰਦਾਜ਼ਾ ਹੈ। ਬਿਊਰੋ ਡੀ ਕੋਆਪਰੇਸ਼ਨ ਇੰਟਰਿਊਨਿਵਰਸਿਟੇਇਰ (ਬੀਸੀਆਈ) ਦੇ ਪ੍ਰਧਾਨ ਕ੍ਰਿਸਚਨ ਬਲੈਂਚੇਟ, ਜੋ ਪ੍ਰਾਂਤ ਦੀਆਂ ਯੂਨੀਵਰਸਿਟੀਆਂ ਦੀ ਤਰਜ਼ਮਾਨੀ ਕਰਦੇ ਹਨ, ਨੇ ਕਿਹਾ ਕਿ ਖੇਤਰ 'ਚ ਦੋ ਪ੍ਰਮੁੱਖ ਦਬਾਅ ਹਨ: ਤਨਖਾਹ ਵਾਧਾ ਤੇ ਮੁਦਰਾਸਫ਼ਿਤੀ ਲਈ ਸਰਕਾਰੀ ਸਮਰਥਨ ਦੀ ਕਮੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ 'ਚ ਭਾਰੀ ਗਿਰਾਵਟ।

ਬੀਸੀਆਈ ਅਨੁਸਾਰ, ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਅਰਜ਼ੀਆਂ ਵਿਚ ਔਸਤਨ 43 ਫ਼ੀਸਦੀ ਦੀ ਗਿਰਾਵਟ ਆਈ ਹੈ। ਇਸ ਦਾ ਭਾਵ ਹੈ ਕਿ ਅਸਲ ਨਾਮਜ਼ਦਗੀਆਂ 'ਚ 30 ਫ਼ੀਸਦੀ ਦੀ ਗਿਰਾਵਟ ਆ ਸਕਦੀ ਹੈ, ਜਿਸ ਨਾਲ ਕਿਊਬੈਂਕ ਦੇ ਯੂਨੀਵਰਸਿਟੀ ਨੈੱਟਵਰਕ ਵਿੱਚ ਮਾਲੀਏ 'ਚ ਅੰਦਾਜ਼ਨ 200 ਮਿਲਿਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਬਲੈਂਚੇਟ ਨੇ ਕਿਹਾ ਕਿ ਇਕ ਸਾਲ ਤੱਕ ਅਜਿਹੀ ਸਥਿਤੀ ਬਣੀ ਰਹਿਣਾ ਕਈ ਯੂਨੀਵਰਸਿਟੀਆਂ ਲਈ ਵਿਨਾਸ਼ਕਾਰੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਰਾਜਸੀ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਸੀਮਿਤ ਕਰਨ ਦੇ ਫ਼ੈਸਲੇ ਕਾਰਨ ਇਹ ਗਿਰਾਵਟ ਆਈ ਹੈ, ਉਨ੍ਹਾਂ ਅਨੁਸਾਰ ਇਸ ਕਦਮ ਨਾਲ ਵਿਦੇਸ਼ਾਂ 'ਚ ਕਿਊਬੈਂਕ ਦੇ ਵੱਕਾਰ ਨੂੰ ਨੁਕਸਾਨ ਪਹੁੰਚਿਆ ਹੈ। ਮੈਕਗਿਲ ਯੂਨੀਵਰਸਿਟੀ 'ਚ ਬਜਟ ਨੂੰ ਮੁੱਖ ਰੂਪ ਨਾਲ ਮੁਲਾਜ਼ਮਾਂ ਦੀ ਛਾਂਟੀ ਅਤੇ ਸੇਵਾ ਮੁਕਤੀ ਦੇ ਮਾਧਿਅਮ ਨਾਲ ਸੰਤੁਲਿਤ ਕੀਤਾ ਗਿਆ ਹੈ। ਯੂਨੀਵਰਸਿਟੀ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 'ਚ 10 ਫ਼ੀਸਦੀ ਦੀ ਗਿਰਾਵਟ ਦਾ ਅੰਦਾਜ਼ਾ ਲਾਇਆ ਹੈ ਅਤੇ ਚੇਤਾਵਨੀ ਦਿੱਤੀ ਹੈ ਕਿ ਇਸ ਤੋਂ ਜ਼ਿਆਦਾ ਗਿਰਾਵਟ ਨਾਲ ਮਾਲੀਏ 'ਤੇ ਕਾਫ਼ੀ ਪ੍ਰਭਾਵ ਪਵੇਗਾ। ◆◆

# HERITAGE

## ਮੇਟ ਗਾਲਾ 2025 ਵਿਚ ਦਿਲਜੀਤ ਸਿੰਘ ਦੋਸਾਂਝ ਨੇ ਕੀਲਿਆ ਪ੍ਰਸ਼ੰਸਕਾਂ ਦਾ ਦਿਲ



ਮੇਟ ਗਾਲਾ 2025 ਦਾ ਆਯੋਜਨ ਅਮਰੀਕਾ ਵਿਚ ਨਿਊਯਾਰਕ ਦੇ ਮੈਟਰੋਪੋਲਿਟਨ ਮਿਊਜ਼ੀਅਮ ਆਫ ਆਰਟ ਵਿਖੇ ਹੋਇਆ। ਇਸ ਸਾਲ ਇਸਦਾ ਥੀਮ ਸੁਪਰਫਾਈਨ ਟੇਲਰਿੰਗ ਬਲੈਕ ਸਟਾਈਲ ਰੱਖਿਆ ਗਿਆ ਸੀ। ਇਹ ਮੇਟ ਗਾਲਾ ਪੰਜਾਬੀਆਂ ਲਈ ਬੇਹੱਦ ਖ਼ਾਸ ਸੀ ਕਿਉਂਕਿ ਇਸ ਵਾਰ ਪੰਜਾਬੀ ਗਾਇਕ ਤੇ ਅਦਾਕਾਰ ਦਿਲਜੀਤ ਸਿੰਘ ਦੋਸਾਂਝ ਨੇ ਇਥੇ ਪਹਿਲੀ ਵਾਰ ਡੈਬਿਊ ਕੀਤਾ। ਉਹ ਅਜਿਹਾ ਕਰਨ ਵਾਲੇ ਪਹਿਲੇ ਪੰਜਾਬੀ ਅਦਾਕਾਰ ਬਣ ਗਏ ਹਨ। ਦਿਲਜੀਤ ਮੇਟ ਗਾਲਾ ਵਿਚ ਮਹਾਰਾਜਾ ਪਟਿਆਲਾ ਦੇ ਅੰਦਾਜ਼ ਵਿਚ ਨਜ਼ਰ ਆਏ। ਉਨ੍ਹਾਂ ਦਾ ਇਹ ਲੁੱਕ ਸਿੱਖ ਰਾਇਲਟੀ ਨੂੰ ਦਰਸਾ ਰਿਹਾ ਸੀ। ਇਸ ਦੌਰਾਨ ਪੰਜਾਬੀ ਸਿੰਗਰ ਅਤੇ ਅਦਾਕਾਰ ਦਿਲਜੀਤ ਨੇ ਗਲੇ ਵਿਚ ਨੈਕਲਸ ਦੇ ਨਾਲ-ਨਾਲ ਗਹਿਣਿਆਂ ਨਾਲ ਜੜੀ ਤਲਵਾਰ ਵੀ ਫੜੀ ਹੋਈ ਸੀ, ਜਿਸ ਦੀ ਹੱਥੀ ਸ਼ੇਰ ਦੇ ਸਿਰ ਵਾਲੀ ਸੀ। ਉਸ ਨੇ ਪੰਜਾਬ ਦੇ ਨਕਸ਼ੇ ਅਤੇ ਗੁਰਮੁਖੀ ਵਿੱਚ ਕਢਾਈ ਵਾਲੇ ਅੱਖਰਾਂ ਵਾਲਾ ਇਕ ਕੇਪ (ਕੱਪੜਾ) ਵੀ ਦਿਖਾਇਆ।

## ਸਕੂਲਾਂ ਤੇ ਡੇਅਕੇਅਰ ਦੇ 150 ਮੀਟਰ ਘੇਰੇ ਅੰਦਰ ਨਸ਼ਿਆਂ ਦੀਆਂ ਦੁਕਾਨਾਂ 'ਤੇ ਲੱਗ ਸਕਦੀ ਹੈ ਪਾਬੰਦੀ




ਕਿਊਬੇਕ ਸਰਕਾਰ ਨੇ ਇੱਕ ਬਿੱਲ ਪੇਸ਼ ਕੀਤਾ ਹੈ, ਜੋ ਸਕੂਲ ਜਾਂ ਡੇਅਕੇਅਰ ਦੇ 150 ਮੀਟਰ ਅੰਦਰ ਨਿਗਰਾਨੀ ਵਾਲੀਆਂ ਨਸ਼ੀਲੀ ਦਵਾਈਆਂ ਦੇ ਸੇਵਨ ਸਥਾਨਾਂ ਨੂੰ ਸਥਾਪਤ ਕਰਨ 'ਤੇ ਰੋਕ ਲਗਾਵੇਗਾ। ਮੰਗਲਵਾਰ ਨੂੰ ਸ਼ੋਸ਼ਲ ਸਰਵਿਸ ਮੰਤਰੀ ਦੁਆਰਾ ਪੇਸ਼ ਬਿੱਲ 103, ਸਿਹਤ ਮੰਤਰਾਲਾ ਨੂੰ ਨਿਗਰਾਨੀ ਵਾਲੇ ਖਪਤ ਸਥਾਨਾਂ 'ਤੇ ਸਫਾਈ ਅਤੇ ਸੁਰੱਖਿਆ ਬਾਰੇ ਵਿੱਚ ਸ਼ਰਤਾਂ ਨਿਰਧਾਰਤ ਕਰਨ ਦੀ ਆਗਿਆ ਦੇਵੇਗਾ, ਜਿਨ੍ਹਾਂ ਨੂੰ ਪੂਰਾ ਨਾ ਕੀਤੇ ਜਾਣ 'ਤੇ ਉਨ੍ਹਾਂ ਦੀ ਅਥਾਰਿਟੀ ਨੂੰ ਰੱਦ ਕੀਤਾ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਇਸ ਬਿੱਲ ਦੇ ਪਿੱਛੇ ਦੀ ਭਾਵਨਾ ਇਹ ਹੈ ਕਿ ਲੋਕ ਸਾਈਟ ਦੇ ਬਾਹਰ ਨਸ਼ੀਲੀਆਂ ਦਵਾਈਆਂ ਦਾ ਸੇਵਨ ਅਤੇ ਵਿਕਰੀ ਨਾ ਕਰਨ। ਜਦੋਂ ਮੈਂ ਇਸ ਸਾਈਟਾਂ 'ਤੇ ਜਾਂਦਾ ਹਾਂ, ਤਾਂ ਮੈਨੂੰ ਇਹੀ ਸਮੱਸਿਆ ਸੁਣਨ ਨੂੰ ਮਿਲਦੀ ਹੈ। ਇਹ ਬਿੱਲ ਕੈਨੇਡਾ ਵਿੱਚ ਨਿਗਰਾਨੀ ਵਾਲੇ ਨਸ਼ੀਲੀਆਂ ਦਵਾਈਆਂ ਦੇ ਸੇਵਨ ਸਥਾਨਾਂ ਪ੍ਰਤੀ ਵਿਰੋਧ ਤੋਂ ਬਾਅਦ ਲਿਆਂਦਾ ਗਿਆ ਹੈ।

## Daughter of Mansa Brings Pride to Punjab



Pooja —a native of Kahnewal village, Tehsil Sardulgarh, District Mansa in Punjab—has made the entire region proud. Father, who has been residing in France for the past 25 years and is engaged in the construction business, shared the joyous news that his daughter has successfully completed her Ph.D. in Computer Science with A-Level distinction from the state of Texas, USA. To celebrate this remarkable achievement, Pooja's parents, traveled all the way to Texas (USA) to witness their daughter receive her doctoral degree in person. Their presence at the convocation added to the emotional and joyous occasion. The family's pride and happiness have resonated deeply not only in their hometown but also among their relatives and friends, who have been showering them with heartfelt congratulations.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਮਤਿ ਅਨੁਸਾਰ ਕਿਹੜੇ ਕੰਮ ਵਰਜਿਤ ਹਨ?**

a. Fasting (ਵਰਤ ਰਖਣੇ)
b. Pilgrimage (ਤੀਰਥਾਂ ਦਾ ਰਟਨ)
c. Both A & B (ਦੋਵੇਂ ਏ ਅਤੇ ਬੀ)
d. None of these (ਇਹਨਾਂ ਵਿੱਚੋਂ ਕੋਈ ਨਹੀਂ)

**2. ਭਗਤ ਕਬੀਰ ਜੀ ਦੇ ਸਲੋਕਾਂ ਵਿੱਚ ਗੁਰੂ ਅਰਜਨ ਸਾਹਿਬ ਜੀ ਦੇ ਕਿੰਨੇ ਸਲੋਕ ਦਰਜ ਹਨ?**

a. 4 b. 5 c. 6 d. 7

**3. ਜੀਵਨ ਦਾ ਲਾਹਾ ਕਿਸ ਤਰਾਂ ਪ੍ਰਾਪਤ ਹੋ ਸਕਦਾ ਹੈ?**

a. Elevated Mind (ਉਚਾ ਮਨ)
b. Elevated thoughts (ਉਚੀ ਸੁਰਤ)
c. Elevated Character (ਉਚਾ ਆਚਰਣ)
d. All of these (ਇਹ ਸਾਰੇ ਹੀ)

**4. ਗੁਰੂ ਗ੍ਰੰਥ ਸਾਹਿਬ ਜੀ ਵਿੱਚ ਭਗਤ ਸ਼ੇਖ ਫਰੀਦ ਜੀ ਦੀ ਕਿੰਨੀ ਬਾਣੀ ਦਰਜ ਹੈ?**

a. 130 Salokas, 4 Shabads (130 ਸਲੋਕ, 4 ਸ਼ਬਦ)
b. 18 Salokas, 40 Shabads (18 ਸਲੋਕ, 40 ਸ਼ਬਦ)
c. 112 Salokas, 4 Shabads (112 ਸਲੋਕ, 4 ਸ਼ਬਦ)
d. 243 Salokas, 224 Shabads (243 ਸਲੋਕ, 224 ਸ਼ਬਦ)

(ਦੇਖੋ ਉੱਤਰ ਪੰਨਾ 4 'ਤੇ)

# Wearing Fashion Can Go With Wearing Identity

1. **Identity in Sikhism:** In Sikhism, outward appearance is a vital expression of inner identity. The Five Ks (Kakaars)—Kesh (uncut hair), Kara (steel bracelet), Kanga (wooden comb), Kachera (cotton undergarment), and Kirpan (ceremonial sword)—are worn by initiated Sikhs as a commitment to their faith and values. These are symbols of courage, discipline, and devotion, and they are a visible representation of the Sikh identity.
2. **Fashion as Expression:** Fashion is a form of self-expression, creativity, and individuality. For many young Sikhs, especially in the diaspora, fashion provides a way to express their personality while also honoring their cultural and religious roots.
3. **Blending Fashion and Faith:** Modern Sikh designers and influencers have shown how one can incorporate traditional Sikh identity into contemporary fashion. For example, stylish turbans, designer Kara bracelets, or fusion outfits that respect modesty while remaining trendy. Social media is full of Sikh individuals confidently wearing their dastaars (turbans) in creative styles while dressed in high fashion, showing that religious identity and modern fashion can coexist.
4. **Empowerment through Appearance:** By combining fashion with Sikh identity, individuals can break stereotypes and promote diversity. It shows that maintaining one's faith does not mean rejecting modernity or style.

**Conclusion:** In Sikhism, wearing your identity is a matter of pride and spiritual significance. Fashion, when used respectfully, can complement this identity, serving as a powerful tool of representation, pride, and cultural celebration. So yes, wearing fashion can absolutely go with wearing identity—they can empower each other when done with intention and respect. ◆◆

# ਅਪ੍ਰੈਲ ਦੌਰਾਨ ਕੈਨੇਡਾ ਦੀ ਬੇਰੁਜ਼ਗਾਰੀ ਦਰ ਵਧ ਕੇ 6.9% 'ਤੇ ਪਹੁੰਚੀ



ਟੈਟਿਸਟਿਕਸ ਕੈਨੇਡਾ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਅਪ੍ਰੈਲ ਵਿੱਚ ਕੈਨੇਡਾ ਦੀ ਬੇਰੁਜ਼ਗਾਰੀ ਦਰ ਵੱਧ ਕੇ 6.9% ਤੱਕ ਪਹੁੰਚ ਗਈ, ਜੋ ਕਿ ਮਹਾਂਮਾਰੀ ਤੋਂ ਬਾਅਦ, ਅੱਠ ਸਾਲਾਂ ਵਿੱਚ ਦੇਖੀ ਗਈ ਸਭ ਤੋਂ ਉੱਚੀ ਦਰ ਦੇ ਬਰਾਬਰ ਹੈ। ਅਪ੍ਰੈਲ ਦੌਰਾਨ ਅਰਥਵਿਵਸਥਾ ਵਿਚ 7,400 ਨੌਕਰੀਆਂ ਦਾ ਮਾਮੂਲੀ ਵਾਧਾ ਹੋਇਆ। ਜ਼ਿਆਦਾਤਰ ਵਾਧਾ ਫ਼ੈਡਰਲ ਚੋਣਾਂ 'ਤੇ ਕੰਮ ਕਰਨ ਲਈ ਸਰਕਾਰੀ ਖੇਤਰ ਵਿੱਚ ਰੱਖੇ ਗਏ ਅਸਥਾਈ ਕਾਮਿਆਂ ਦੇ ਕਾਰਨ ਹੋਇਆ। ਨਾਲ ਹੀ ਵਿੱਤ, ਬੀਮਾ, ਰੀਅਲ ਅਸਟੇਟ, ਰੈਂਟਲ ਅਤੇ ਲੀਜ਼ਿੰਗ ਵਿੱਚ ਵੀ ਨੌਕਰੀਆਂ ਵਿੱਚ ਵਾਧਾ ਹੋਇਆ।

ਅਮਰੀਕੀ ਟੈਰਿਫ਼ਾਂ ਦੇ ਪ੍ਰਭਾਵਾਂ ਕਰਕੇ ਨਿਰਮਾਣ ਖੇਤਰ ਨੇ 31,000 ਨੌਕਰੀਆਂ ਗੁਆਈਆਂ, ਜਿਸ ਵਿਚ ਓਨਟੇਰਿਓ ਵਿਚ ਖ਼ਾਸ ਤੌਰ 'ਤੇ ਨਿਰਮਾਣ ਖੇਤਰ ਦੀਆਂ ਨੌਕਰੀਆਂ ਦਾ ਨੁਕਸਾਨ ਹੋਇਆ। ਅਮਰੀਕਾ ਦੇ ਆਟੋ ਟੈਰਿਫ਼ ਲਾਗੂ ਹੋਣ ਮਗਰੋਂ ਕੈਨੇਡਾ ਦੀ ਰਾਜਧਾਨੀ, ਵਿੰਡਸਰ ਵਿਚ ਬੇਰੁਜ਼ਗਾਰੀ ਦਰ ਵਧ ਕੇ 10.7% ਦਰਜ ਹੋਈ। ਅਪ੍ਰੈਲ ਵਿੱਚ ਵਧੇਰੇ ਨੌਜਵਾਨ ਕੰਮ ਦੀ ਭਾਲ ਕਰ ਰਹੇ ਸਨ, ਜਿਸ ਕਾਰਨ 15 ਤੋਂ 24 ਸਾਲ ਦੇ ਉਮਰ ਸਮੂਹ ਲਈ ਬੇਰੁਜ਼ਗਾਰੀ ਦਰ ਥੋੜ੍ਹੀ ਹੋਰ ਵੱਧ ਗਈ। ਔਸਤ ਘੰਟਾਵਾਰ ਤਨਖਾਹ ਅਪ੍ਰੈਲ ਵਿੱਚ 3.4% ਵਧੀ - ਜੋ ਕਿ ਇੱਕ ਸਾਲ ਪਹਿਲਾਂ ਦੇ ਇਸੇ ਸਮੇਂ ਤੋਂ ਵੱਧ ਹੈ- ਪਰ ਮਾਰਚ ਦੇ 3.6% ਨਾਲੋਂ ਘੱਟ ਹੈ।


## SIKH MATRIMONIALS

Sikh boy required for sikh girl, height 5 feet 3 inches, date of birth 28.10.99.Masters in Psychology from UK, , working as Psychologist in UK, on work permit. Gursikh family.Please contact Whatsapp no. 91 9971863565

Gursikh girl 26/5'/Philosophy (H) DU, Diploma George Brown College, Toronto/ Working /Family got PR in 2022 settled Vancouver/ Contact +91 9810196404

Gursikh boy, MSc, Award-Winning Science Journalist, Smart, Handsome, Spiritual, Ambitous, Whole family settled in London for 27 years, 5ft3/Feb91. Whatsapp: 00447789177298. Caste no bar.


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. B 3. D 4. C

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555